**In the court of National Green Tribunal, Principal Bench, New Delhi**

Balbir Dass Versus State of Punjab & Others

In Re:- Complaint Under the provision of National Green Tribunal Act, 2010

**Reply/Response in order to comply with the order dated 13.03.2023 of Hon'ble Bench**

Respected Sir,

It is respectfully submitted as under:-

1) That the applicant made the complaint to Block Development & Panchayat Officer Doraha regarding the De-Forestation of Trees at Village Kaddon, Tehsil Payal, District Ludhiana by the Parminder Singh Sarpanch of Village Kaddon. On receiving the complaint then Block Development & Panchayat Officer Doraha made a report vide Letter No. 2093 Dated 27.06.2022 (Copy Enclosed)

2) That complainant has not satisfy with the report of Block Development & Panchayat Officer Doraha and moved a complaint to District Development & Panchayat Officer Ludhiana. On receiving his complaint District Development & Panchayat Officer had referred the complaint to Block Development & Panchayat Officer Khanna. Block Development & Panchayat Officer Khanna vide letter no. 5600 Dated 13.10.2022 had made the report (Copy Enclosed)

3) That District Development & Panchayat Officer Ludhaian vide his letter no. 20031 Dated 30.11.2022 a report sent to the Director Rural Development & Panchayat Department S.A.S. Nagar (Mohali) in which he submitted the report that **Therefore, Mr. Parminder Singh Sarpanch Gram Panchayat has made himself guilty for cutting**

**the trees without permission and even violating the directions of the Hon'ble Green Tribunal. So, he has no right to remain in office. Therefore, it is recommended to take action under section 20 of the Punjab Panchayati Raj Act 1994 against Mr. Parminder Singh Sarpanch, Gram Panchayat, Block Doraha has been taken".**

4) That on receiving the report Director Rural Development & Panchayat Department S.A.S. Nagar (Mohali) has suspended the sarpanch and regular inquiry was marked to the Addional Deputy Commissinor (RD) Ludhiana which still pending and Parminder Singh Sarpanch Gram Panchayat had preferred the appeal against the order of Director Rural Development & Panchayat Department S.A.S. Nagar (Mohali) to the appellant authority i.e. Financial Commissioner Cum Sectary Rural Development & Panchayat at Chandigarh which is pending for 1st June 2023.

Block Development & Panchayat Officer Doraha, Tehsil Payal, District Ludhiana.

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਦੋਰਾਹਾ।
Block Development &Panchayat Officer Doraha(Ludhiana)
(Email - Bdpodoraha@yahoo.in)

No 2093 Date 27/06/22 Ph. 01628-257013

ਸੇਵਾ ਵਿਖੇ,

ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਲੁਧਿਆਣਾ।

ਵਿਸ਼ਾ:- ਦਰਖਾਸਤ ਬਾਬਤ ਸਰਪੰਚ ਪਰਮਿੰਦਰ ਸਿੰਘ ਪਿੰਡ ਕੱਦੋਂ ਤਹਿ. ਪਾਇਲ ਜਿਲ੍ਹਾ ਲੁਧਿਆਣਾ ਦੇ ਖਿਲਾਫ ਸਫੈਦੇ ਦੇ ਦਰੱਖਤ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਕੱਦੋਂ ਨੂੰ ਜਾਂਦੇ ਸੇਵਾ ਕੇਂਦਰ ਵਾਲੇ ਸਰਕਾਰੀ ਰਸਤੇ ਉੱਪਰ ਅਤੇ ਉਕਤ ਸਕੂਲ ਵਿੱਚ ਲੱਗੇ ਹੋਏ ਸਨ, ਉਹਨਾਂ ਨੂੰ ਬਿਨ੍ਹਾਂ ਕਿਸੇ ਸਰਕਾਰੀ ਮਹਿਕਮੇ ਦੀ ਇਜਾਜਤ ਤੋਂ ਕੱਟਣ ਅਤੇ ਵੇਚਣ ਸਬੰਧੀ ਅਤੇ ਪੈਸਿਆਂ ਦੀ ਦੁਰਵਰਤੋਂ ਅਤੇ ਗਬਨ ਕਰਨ ਸਬੰਧੀ ਕਾਰਵਾਈ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਮੌਕਾ ਦੇਖਿਆ ਗਿਆ ਅਤੇ ਮੌਕੇ ਤੇ ਦਰਖਾਸਤ ਕਰਤਾ ਬਲਵੀਰ ਦਾਸ ਦੇ ਪੁੱਤਰ ਸਮਸ਼ੇਰ ਦਾਸ ਮੁੰਡੀ, ਜਗਵੀਰ ਸਿੰਘ ਮੁੰਡੀ ਅਤੇ ਦਰਬਾਰਾ ਸਿੰਘ ਪੰਚਾਇਤ ਸਕੱਤਰ ਹਾਜ਼ਰ ਸਨ। ਜਿਨ੍ਹਾਂ ਦੀ ਮੌਕੇ ਤੇ ਹਾਜ਼ਰੀ ਲਗਵਾਈ ਗਈ। ਸ਼ਿਕਾਇਤ ਕਰਤਾ ਵੱਲੋਂ ਦਰਖਾਸਤ ਨਾਲ ਸਬੂਤ ਵਜੋਂ ਲਗਾਈਆਂ ਫੋਟੋਆਂ ਵਿੱਚ ਸੇਵਾ ਕੇਂਦਰ ਅੱਗੇ ਤੇ ਆਸੇ ਪਾਸੇ ਸਫੈਦੇ ਦੇ ਦਰੱਖਤ ਖੜ੍ਹੇ ਦਿਖਾਈ ਦਿੰਦੇ ਹਨ, ਜੋ ਕਿ ਹੁਣ ਮੌਕੇ ਤੇ ਮੌਜੂਦ ਨਹੀਂ ਹਨ। ਮੌਕੇ ਤੇ ਇੰਟਰਲਾਕ ਟਾਇਲਾਂ ਦਾ ਫਰਸ਼ ਲੱਗਿਆ ਹੋਇਆ ਹੈ ਤੇ ਸਾਈਡਾਂ ਤੇ ਪਾਮ ਦੇ ਬੂਟੇ ਲਗਾਏ ਹੋਏ ਹਨ। ਮੌਕੇ ਤੇ ਪੁੱਟੇ ਦਰੱਖਤਾਂ ਦੇ ਨਿਸ਼ਾਨ ਮੌਜੂਦ ਨਹੀਂ ਹਨ। ਸਕੂਲ ਦੇ ਅੰਦਰ ਮਿੱਟੀ ਦਾ ਭਰਤ ਪਾਇਆ ਹੋਇਆ ਹੈ ਅਤੇ ਨਾਲ ਲੱਗਦੀ ਜ਼ਮੀਨ ਵਿੱਚ ਜੰਗਲ ਨੁੰਮਾਂ ਸਫੈਦੇ ਅਤੇ ਹੋਰ ਕਈ ਤਰ੍ਹਾਂ ਦੇ ਦਰੱਖਤ ਖੜ੍ਹੇ ਹੋਏ ਹਨ। ਸਕੂਲ ਵਿੱਚ ਵੀ ਭਰਤ ਪਾਇਆ ਹੋਣ ਕਰਕੇ ਮੌਕੇ ਤੇ ਦਰੱਖਤ ਪੁੱਟੇ ਹੋਣ ਦੇ ਨਿਸ਼ਾਨ ਮੌਜੂਦ ਨਹੀਂ ਹਨ। ਸ੍ਰੀ ਦਰਬਾਰਾ ਸਿੰਘ ਪੰਚਾਇਤ ਸਕੱਤਰ ਵੱਲੋਂ ਲਿਖਤੀ ਰਿਪੋਰਟ ਕੀਤੀ ਗਈ ਹੈ ਕਿ ਮੈ ਮਿਤੀ 06.09.2019 ਤੋ ਲੈ ਕੇ ਹੁਣ ਤੱਕ ਗ੍ਰਾਮ ਪੰਚਾਇਤ ਕੱਦੋਂ ਵਿੱਚ ਪੰਚਾਇਤ ਸਕੱਤਰ ਦੀ ਡਿਊਟੀ ਕਰ ਰਿਹਾ ਹਾਂ। ਇਸ ਸਮੇਂ ਦੌਰਾਨ ਗ੍ਰਾਮ ਪੰਚਾਇਤ ਕੱਦੋਂ ਵੱਲੋਂ ਕਿਸੇ ਵੀ ਪ੍ਰਕਾਰ ਦੇ ਦਰੱਖਤਾਂ ਦੀ ਬੋਲੀ ਨਹੀਂ ਕਰਵਾਈ ਗਈ ਅਤੇ ਨਾ ਹੀ ਦਰੱਖਤਾਂ ਤੋਂ ਗ੍ਰਾਮ ਪੰਚਾਇਤ ਕੱਦੋਂ ਨੂੰ ਆਮਦਨ ਪ੍ਰਾਪਤ ਹੋਈ ਹੈ (ਕਾਪੀ ਲਫ ਹੈ)।

ਉਕਤ ਰਿਪੋਰਟ ਆਪ ਜੀ ਨੂੰ ਅਗਲੇਰੀ ਕਾਰਵਾਈ ਹਿੱਤ ਪੇਸ਼ ਹੈ ਜੀ।

ਨੱਥੀ:- ਉਕਤ ਅਨੁਸਾਰ।

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,
ਦੋਰਾਹਾ।

30/6

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ-ਕਮ ਕਾਰਜ ਸਾਧਕ ਅਫਸਰ, ਪੰਚਾਇਤ ਸੰਮਤੀ, ਖੰਨਾ।

ਫੋਨ ਨੰ: 01628-233714 E-mail : bdpokhanna@gmail.com

ਜ਼ਿਲ੍ਹਾ ਵਿਕਾਸ ... ਪ੍ਰਾਪਤ ਨੰ. 5015 ਮਿਤੀ 28/10

ਸੇਵਾ ਵਿਖੇ,

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਲੁਧਿਆਣਾ।

ਪੱਤਰ ਨੰ....5600..........ਮਿਤੀ...13-10-2022

ਵਿਸ਼ਾ:- ਦਰਖਾਸਤ ਕਰਤਾ ਵੱਲੋਂ ਲਗਾਈ ਗਈ ਦਰਖਾਸਤ ਪੱਤਰ ਨੰ. 784 ਮਿਤੀ 19-04-2022 ਜੋ ਕਿ ਬੀ.ਡੀ.ਪੀ.ਓ ਦੋਰਾਹਾ (ਲੁਧਿ:) ਨੂੰ ਦਿੱਤੀ ਗਈ ਉਪਰ ਸਬੰਧਤ ਅਧਿਕਾਰੀਆ ਵੱਲੋਂ ਕੋਈ ਕਾਰਵਾਈ ਨਾ ਕਰਨ ਸਬੰਧੀ ਅਤੇ ਦਰਖਾਸਤ ਕਰਤਾ ਵੱਲੋਂ ਪੇਸ਼ ਕੀਤੇ ਸਬੂਤ ਨੂੰ ਇਸ ਦਰਖਾਸਤ ਦਾ ਹਿੱਸਾ ਮੰਨਣ ਤੋਂ ਇਨਕਾਰ ਕਰਨ ਸਬੰਧੀ ਕਾਰਵਾਈ ਕਰਨ ਬਾਰੇ ਅਤੇ ਦਰਖਾਸਤ ਕਰਤਾ ਵੱਲੋਂ ਦਿੱਤੀ ਗਈ ਦਰਖਾਸਤ ਬਾਬਤ ਸਰਪੰਚ ਸ੍ਰੀ ਪਰਮਿੰਦਰ ਸਿੰਘ ਪਿੰਡ ਕੱਦੋਂ ਤਹਿ: ਪਾਇਲ ਜਿਲ੍ਹਾ ਲੁਧਿਆਣਾ ਦੇ ਖਿਲਾਫ ਸਫੈਦੇ ਦੇ ਦਰਖਤ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਕੱਦੋ ਨੂੰ ਜਾਂਦੇ ਸੇਵਾ ਕੇਂਦਰ ਵਾਲੇ ਸਰਕਾਰੀ ਰਸਤੇ ਉਪਰ ਅਤੇ ਉਕਤ ਸਕੂਲ ਵਿਚ ਲੱਗੇ ਹੋਏ ਸਨ। ਉਹਨਾਂ ਨੂੰ ਬਿਨ੍ਹਾ ਕਿਸੇ ਸਰਕਾਰੀ ਮਹਿਕਮੇ ਦੀ ਇਜਾਜਤ ਤੋਂ ਕੱਟਣ ਅਤੇ ਵੇਚਣ ਸਬੰਧੀ ਅਤੇ ਪੈਸਿਆ ਦੀ ਦੁਰਵਰਤੋਂ ਅਤੇ ਗਬਨ ਕਰਨ ਸਬੰਧੀ ਕਰਵਾਈ ਕਰਨ ਬਾਰੇ।

ਹਵਾਲਾ:- ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,ਲੁਧਿਆਣਾ ਜੀ ਦੇ ਦਫਤਰ ਦਾ ਪੱਤਰ ਨੰ.6074 ਮਿਤੀ 28-06-2022 ਦੇ ਸਬੰਧ ਵਿਚ।

ਪੜਤਾਲ::- ਸ੍ਰੀ ਬਲਵੀਰ ਦਾਸ ਪੁੱਤਰ ਸ੍ਰੀ ਮੱਲਦਾਸ ਵਾਸੀ ਕੱਦੋ, ਤਹਿ ਪਾਇਲ ਵੱਲੋਂ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਲੁਧਿਆਣਾ ਜੀ ਪਾਸ ਕੀਤੀ ਸ਼ਿਕਾਇਤ ਦੀ ਪੜਤਾਲ ਨਿਮਨਹਸਤਾਖਰ ਨੂੰ ਪ੍ਰਾਪਤ ਹੋਈ ਹੈ। ਦਰਖਾਸਤ ਕਰਤਾ ਦਾ ਦੋਸ਼ ਹੈ, ਕਿ ਪੱਤਰ ਨੰ. 784-85 ਮਿਤੀ 19-04-2022 ਬੀ.ਡੀ.ਪੀ.ਓ ਦੋਰਾਹਾ ਪਾਸ ਸ਼ਿਕਾਇਤ ਕੀਤੀ ਸੀ, ਉਹਨਾ ਵੱਲੋਂ ਕੋਈ ਕਾਰਵਾਈ ਨਹੀ ਕੀਤੀ ਗਈ, ਦਰਖਾਸਤ ਕਰਤਾ ਨੇ ਪੇਸ਼ ਕੀਤੇ ਸਬੂਤ ਨੂੰ ਦਰਖਾਸਤ ਦਾ ਹਿੱਸਾ ਮੰਨਣ ਤੋਂ ਇਨਕਾਰ ਕੀਤਾ ਹੈ। ਜਦੋਂ ਕਿ (Video) ਵਿਚ ਸਰਪੰਚ ਕੱਦੋਂ ਦੇ ਖਿਲਾਫ ਕਾਰਵਾਈ ਕਰਨ ਦਾ ਵੱਡਾ ਹਿੱਸਾ ਹੈ। ਨਿਮਨਹਸਤਾਖਰ ਨੇ ਸ਼ਿਕਾਇਤ ਨੂੰ ਵਾਚਿਆ, ਮਿਤੀ 07-09-2022 ਨੂੰ ਪਿੰਡ ਕੱਦੋਂ ,ਤਹਿ ਪਾਇਲ ਖੁਦ ਜਾ ਕੇ ਸ਼ਿਕਾਇਤ ਸਬੰਧੀ ਮੌਕਾ ਦਾ ਜਾਇਜ਼ਾ ਲਿਆ। ਸਰਪੰਚ ਗਰਾਮ ਪੰਚਾਇਤ , ਕੱਦੋ, ਮੌਕੇ ਪਰ ਹਾਜ਼ਰ ਪਿੰਡ ਵਾਸੀਆ ਨੂੰ ਸਾਝਾ ਬਿਆਨ ਦਫਤਰ, ਬਲਾਕ ਖੰਨਾ ਵਿਖੇ ਆ ਕੇ ਬਿਆਨ ਦੇਣ ਨੂੰ ਕਿਹਾ ਗਿਆ, ਪ੍ਰੰਤੂ ਸ਼ਿਕਾਇਤ ਕਰਤਾ ਮੌਕੇ ਪਰ ਹਾਜ਼ਰ ਨਹੀ ਆਇਆ। ਸਰਪੰਚ/ਪੰਚਾਇਤ ਸਕੱਤਰ ਅਤੇ ਪਿੰਡ ਵਾਸੀ ਮੌਕੇ ਪਰ ਹਾਜ਼ਰ ਸੀ। ਸ਼ਿਕਾਇਤ ਕਰਤਾ ਨੂੰ ਸ਼ਿਕਾਇਤ ਸਬੰਧੀ ਹਲਫੀਆ ਬਿਆਨ ਦੇਣ/ਸਬੂਤ ਪੇਸ਼ ਕਰਨ ਨੂੰ ਕਿਹਾ ਗਿਆ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਸ਼ਿਕਾਇਤ ਸਬੰਧੀ ਹਲਫੀਆ ਬਿਆਨ ਪਹਿਲਾਂ ਹੀ ਸ਼ਿਕਾਇਤ ਨਾਲ ਨੱਥੀ ਹੈ। ਦੋਵਾਂ ਧਿਰਾ ਦੇ ਬਿਆਨ ਲਏ ਗਏ ਹਨ। ਸ਼ਿਕਾਇਤ ਕਰਤਾ ਨੇ ਖੁਦ ਸਮੇਤ (੪) ਵਿਅਕਤੀਆਂ ਆਦਿ ਦੇ ਬਿਆਨ/ਫੋਟੋਆ/ ਪੈਨ ਡਰਾਇਵ ਪੇਸ਼ ਕੀਤੀ ਹੈ। ਦੋਸ਼ੀਆਨ ਧਿਰ ਵੱਲੋਂ, ਸਰਪੰਚ, ਗਰਾਮ ਪੰਚਾਇਤ ਕੱਦੋਂ/ਸਪੋਰਟਸ ਕਲੱਬ, ਨੰਬਰਦਾਰ ਅਤੇ ਸੁਸਾਇਟੀ ਵਗੈਰਾ ਵੱਲੋਂ ਵੀ ਬਿਆਨ ਪੇਸ਼ ਕੀਤੇ ਹਨ ਅਤੇ ਇਸ ਤੋਂ ਇਲਾਵਾ ਸ੍ਰੀ ਦਰਬਾਰਾ ਸਿੰਘ ਪੰਚਾਇਤ ਸਕੱਤਰ ਦਾ ਬਿਆਨ ਗਰਾਮ ਪੰਚਾਇਤ ਕੱਦੋਂ ਦਾ ਰਿਕਾਰਡ ਅਤੇ ਬੀ.ਡੀ.ਪੀ.ਓ ਦੋਰਾਹਾ ਵੱਲੋਂ ਕੀਤੀ ਰਿਪੋਰਟ ਪੇਸ਼ ਕੀਤੀ ਹੈ। ਪੰਚਾਇਤ ਦਾ ਰਿਕਾਰਡ/ਸਬੂਤ/ਫੋਟੋਆ/ ਪੈਨ ਡਰਾਇਵ ਦੇ ਆਧਾਰ ਪਰ ਸ਼ਿਕਾਇਤ ਸਬੰਧੀ ਕੀਤੀ ਪੜਤਾਲ ਨਿਮਨਲਿਖਤ ਅਨੁਸਾਰ ਹੈ:-

*ਦੋਸ਼ ਨੰ.1 — ਸ਼ਿਕਾਇਤ ਕਰਤਾ ਵੱਲੋਂ ਦੋਸ਼ ਲਗਾਇਆ ਗਿਆ ਕਿ ਬੀ.ਡੀ.ਪੀ.ਓ ਦੋਰਾਹਾ ਨੇ ਸ਼ਿਕਾਇਤ ਤੇ ਕੋਈ ਕਾਰਵਾਈ ਨਹੀ ਕੀਤੀ।*

ਪੜਤਾਲ:- ਇਸ ਸਬੰਧੀ ਸ੍ਰੀ ਦਰਬਾਰਾ ਸਿੰਘ ਪੰਚਾਇਤ ਸਕੱਤਰ ਗਰਾਮ ਪੰਚਾਇਤ ਕੱਦੋ ਨੇ ਆਪ ਦੇ ਬਿਆਨਾ ਨਾਲ ਬੀ.ਡੀ.ਪੀ.ਓ ਦੋਰਾਹਾ ਵੱਲੋਂ ਸ਼ਿਕਾਇਤ ਸਬੰਧੀ ਕੀਤੀ ਗਈ ਕਾਰਵਾਈ ਦੀ ਰਿਪੋਰਟ ਪੇਸ਼ ਕੀਤੀ ਹੈ। ਜੋ ਕਿ ਨਾਲ ਨੱਥੀ ਕੀਤੀ ਜਾਂਦੀ ਹੈ। ਇਸ ਲਈ ਉਕਤ ਦੋਸ਼ ਗਲਤ ਪਾਇਆ ਗਿਆ ਹੈ।

ਦੋਸ਼ ਨੰ. 2 — ਮਾਨਯੋਗ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਲੁਧਿਆਣਾ ਜੀ ਨੂੰ ਸੰਮਨ ਭੇਜ ਕੇ ਬੀ.ਡੀ.ਪੀ.ਓ ਦੋਰਾਹਾ ਪਾਸੋਂ ਰਿਪੋਰਟ ਮੰਗਵਾਈ ਸੀ ਕਿ ਉਸ ਰਿਪੋਰਟ ਤੱਥਾਂ ਦੇ ਆਧਾਰ ਪਰ ਅਧੂਰੀ ਪੇਸ਼ ਕੀਤੀ ਸੀ। ਮੁਹੱਈਆ ਕਰਵਾਏ ਸਬੂਤਾ ਦੇ ਉਲਟ ਲਿਖਿਆ ਸੀ ਕਿ ਬੀ.ਡੀ.ਪੀ.ਓ ਦੋਰਾਹਾ ਦੀ ਸਰਪੰਚ ਨਾਲ ਮਿਲੀ ਭੁਗਤ ਜਾਹਿਰ ਹੁੰਦੀ ਹੈ।

ਪੜਤਾਲ:- ਗਰਾਮ ਸਭਾ ਮੈਂਬਰਾ ਵੱਲੋ ਦਿੱਤੇ ਅਤੇ ਸਪੋਰਟਸ ਕਲੱਬ ਵਗੈਰਾ ਵੱਲੋਂ ਦਿੱਤੇ ਗਏ ਸਬੂਤ ਬਿਆਨ ਅਤੇ ਰਿਕਾਰਡ ਤੇ ਆਧਾਰ ਤੇ ਉਕਤ ਲਗਾਇਆ ਗਿਆ ਦੋਸ਼ ਸਹੀ ਨਹੀ ਜਾਪਦਾ।

ਦੋਸ਼ ਨੰ.3 — ਸ਼ਿਕਾਇਤ ਕਰਤਾ ਸ੍ਰੀ ਬਲਵੀਰ ਦਾਸ ਪੁੱਤਰ ਸ੍ਰੀ ਮੱਲ ਦਾਸ ਨੇ ਦੋਸ਼ ਲਗਾਇਆ ਹੈ ਕਿ ਬੀ.ਡੀ.ਪੀ.ਓ ਦੋਰਾਹਾ ਨੂੰ ਪੈਨ ਡਰਾਈਵ ਮੁਹੱਈਆ ਕਰਵਾਈ ਸੀ. ਕਿ ਦੋਸ਼ੀਆ ਦੇ ਖਿਲਾਫ ਕਾਰਵਾਈ ਕਰਨ ਲਈ ਬਹੁਤ ਵੱਡਾ ਸਬੂਤ ਹੈ ਕਿ ਸਰਪੰਚ ਨੂੰ ਪਰਮਿੰਦਰ ਸਿੰਘ ਖੁਦ ਕਬੂਲ ਕਰ ਰਿਹਾ ਹੈ ਕਿ ਉਸ ਨੇ 1,67,000 ਦਰਖਤ ਕੱਟ ਕੇ ਵੇਚੇ ਹਨ ਅਤੇ ਇਸ ਦੇ ਨਾਲ ਪਿੰਡ ਦੇ ਵਿਅਕਤੀ ਜਿਵੇਂ ਕਿ ਸ੍ਰੀ ਜਸ਼ਨਦੀਪ ਸਿੰਘ ਪੁੱਤਰ ਸ੍ਰੀ ਨਾਹਰ ਸਿੰਘ, ਸ੍ਰੀ ਜਗਬੀਰ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ, ਸ੍ਰੀ ਕੁਲਵਿੰਦਰ ਸਿਘ ਪੁੱਤਰ ਸ੍ਰੀ ਨਿਰਮਲ ਸਿੰਘ, ਸ੍ਰੀ ਜਸਪਾਲ ਸਿੰਘ ਪੁੱਤਰ ਸ੍ਰੀ ਰਾਮ ਸਿੰਘ, ਸ੍ਰੀ ਨਾਜ਼ਰ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ, ਸ੍ਰੀ ਮਨਦੀਪ ਸਿੰਘ ਪੁੱਤਰ ਸ੍ਰੀ ਨਿਰਮਲ ਸਿੰਘ, ਸ੍ਰੀ ਗੁਰਮੀਤ ਸਿੰਘ ਪੁੱਤਰ ਸ੍ਰੀ ਚਰਨ ਸਿੰਘ ਵਗੈਰਾ ਨੇ ਉਕਤ ਸਬੰਧੀ ਆਪਣੇ ਬਿਆਨ ਦਿੱਤੇ ਹਨ. ਪ੍ਰੰਤੂ ਇਸ ਦੋਸ਼ ਦੇ ਪੱਖ ਵਿਚ ਸ੍ਰੀ ਪਰਮਿੰਦਰ ਸਿੰਘ ਸਰਪੰਚ ਵੱਲੋ ਆਪਣਾ ਬਿਆਨ ਪੇਸ਼ ਕੀਤਾ ਹੈ ਕਿ ਉਕਤ ਸ਼ਿਕਾਇਤ ਗਲਤ ਤੱਥਾਂ ਦੇ ਆਧਾਰ ਤੇ ਕੀਤੀ ਗਈ ਹੈ। ਜਿਸ ਵਿਚ ਕੋਈ ਵੀ ਸੱਚਾਈ ਨਹੀ ਹੈ। ਉਕਤ ਜਗ੍ਹਾ ਸਰਕਾਰੀ ਸੇਵਾ ਕੇਂਦਰ, ਬਾਬਾ ਸਿੱਧਸਰ ਚੈਰੀਟੇਬਲ ਧਾਰਮਿਕ ਢੱਕੀ ਅਸਥਾਨ ਸਰਕਾਰੀ ਸਕੂਲ ਸ.ਸੈ.ਸਕੂਲ ਕੱਦੋਂ ਦਾ ਰਸਤਾ ਅਤੇ ਖੇਡ ਗਰਾਂਊਡ ਆਦਿ ਬਣੇ ਹੋਏ ਹਨ। ਗਰਾਮ ਪੰਚਾਇਤ ਕੱਦੋਂ ਦਾ ਸਕੂਲ ਦੇ ਅੰਦਰ ਕਿਸੇ ਵੀ ਕਿਸਮ ਦਾ ਕੋਈ ਵੀ ਅਧਿਕਾਰ ਨਹੀ ਨਾਂ ਹੀ ਉਕਤ ਜਗ੍ਹਾ ਦੇ ਵਿਚ ਗਰਾਮ ਪੰਚਾਇਤ ਕੱਦੋ ਵੱਲੋਂ ਕੋਈ ਵੀ ਦਖਲ ਅੰਦਾਜੀ ਨਹੀ ਕੀਤੀ ਜਾਂਦੀ। ਉਕਤ ਜਗ੍ਹਾ ਦੀ ਸਾਂਭ ਸੰਭਾਲ ਕੱਦੋਂ ਨਿਸ਼ਕਾਮ ਸੇਵਾ ਸੁਸਾਇਟੀ ਸੰਸਥਾ , ਸਪੋਰਟਸ ਕਲੱਬ, ਅਤੇ ਐਨ.ਆਰ.ਆਈ ਭਰਾਵਾਂ ਵੱਲੋਂ ਕੀਤੀ ਜਾਂਦੀ ਹੈ । ਮੇਰੇ ਕੋਲ ਅਜਿਹਾ ਕੋਈ ਰਿਕਾਰਡ ਨਹੀ ਹੈ ਅਤੇ ਨਾਂ ਹੀ ਬੀ.ਡੀ.ਪੀ.ਓ ਦਫਤਰ ਦੋਰਾਹਾ ਵੱਲੋਂ ਮੁਹੱਈਆ ਕਰਵਾਇਆ ਗਿਆ ਕਿ ਉਕਤ ਜਗ੍ਹਾਂ ਪੰਚਾਇਤ ਦੀ ਮਾਲਕੀ ਹੈ। ਨਾ ਹੀ ਸਟਾਕ ਰਜਿਸਟਰ ਵਿਚ ਦਰਖੱਤਾ ਦੀ ਐਂਟਰੀ ਕਰਕੇ ਦਿੱਤੀ ਗਈ ਹੈ। ਇਸ ਦੋਸ਼ ਦੇ ਸਬੰਧ ਵਿਚ ਸਿੱਧਸਰ ਸ਼ਪੋਰਟਸ ਕਲੱਬ ਪਿੰਡ ਵਾਸੀਆ ਦਾ ਸਾਂਝਾ ਬਿਆਨ ਅਤੇ ਗਰਾਮ ਪੰਚਾਇਤ ਦਾ ਸਾਂਝਾ ਬਿਆਨ ਸ੍ਰੀ ਸੁਖਵਿੰਦਰ ਸਿੰਘ ਨੰਬਰਦਾਰ, ਸ੍ਰੀ ਜਗਤਾਰ ਸਿੰਘ ਨੰਬਰਦਾਰ ਦਾ ਸਾਂਝਾ ਬਿਆਨ ਸ਼ਹੀਦ ਕਰਤਾਰ ਸਿੰਘ ਸਪੋਰਟਸ ਕਲੱਬ ਦਾ ਸਾਂਝਾ ਬਿਆਨ, ਕੋਆਪਰੇਟਿਵ ਐਗਰੀਕਲਚਰ ਸੁਸਾਇਟੀ , ਦੁੱਧ ਉਤਪਾਦਕ ਸਹਿਕਾਰੀ ਸਭਾ ਅਤੇ ਗਰਾਮ ਸਭਾ ਕੱਦੋਂ ਦੇ ਲਗਭਗ 156 ਮੈਂਬਰ ਦੇ ਬਿਆਨ ਸਫਾਈ ਦੇ ਪੱਖ ਵਿਚ ਪੇਸ਼ ਕੀਤੇ ਗਏ ਹਨ।

ਪੜਤਾਲ :- ਸ਼ਿਕਾਇਤ ਕਰਤਾ ਦਾ ਉਕਤ ਦੋਸ਼ ਸਹੀ ਜਾਪਦਾ ਕਿ ਉਕਤ ਜਗ੍ਹਾ ਜੋ ਕਿ ਗੁਰਦਵਾਰਾ ਸਾਹਿਬ ਤੋਂ ਸਕੂਲ ਨੂੰ ਜਾਂਦੇ ਰਸਤੇ ਵਿਚੋ (ਪੰਜੀ) ਸਫੈਦੇ ਦੇ ਦਰਖਤ ਕੱਟੇ ਗਏ ਹਨ, ਉਹਨਾ ਦੀ ਗਿਣਤੀ ਸਪੱਸ਼ਟ ਨਹੀ ਹੈ। ਸਰਪੰਚ ਗਰਾਮ ਪੰਚਾਇਤ ਵਲੋਂ ਖੁਦ Video ਵਿਚ ਕਹਿ ਦਿਤਾ, ਪ੍ਰੰਤੂ ਦਰਖਤ ਕਿਸ ਵੱਲੋਂ ਕੱਟੇ ਗਏ ਹਨ ਉਕਤ Video ਵਿਚ ਕਲੀਅਰ ਨਹੀ ਹੈ, ਪ੍ਰੰਤੂ ਮੌਕੇ ਤੇ ਉਕਤ ਸਥਾਨ ਤੇ ਦਰਖਤ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾ ਕੱਟੇ ਗਏ ਹਨ।

ਸਿੱਟਾ:- ਸਰਪੰਚ, ਗਰਾਮ ਪੰਚਾਇਤ ਵਲੋਂ, ਗਰਾਮ ਸਭਾ ਮੈਂਬਰ ਪ੍ਰਧਾਨ, ਸਪੋਰਟਸ ਕਲੱਬ ਵਗੈਰਾ ਵੱਲੋਂ ਦਿੱਤੇ ਗਏ ਬਿਆਨ ਦੇ ਆਧਾਰ ਤੇ ਦਰਖਤ ਕੱਟਣ ਦੀ ਜਿੰਮੇਵਾਰੀ ਸਪੋਰਟਸ ਕਲੱਬ ਦੇ ਅਹੁਦੇਦਾਰਾ ਵੱਲੋਂ ਲਈ ਗਈ ਹੈ। ਸ਼ਿਕਾਇਤ ਕਰਤਾ ਦਾ ਲਗਾਇਆ ਗਿਆ ਦੋਸ਼ ਸਹੀ ਨਹੀ ਹੈ। ਇਸ ਦੇ ਸਬੰਧ ਵਿਚ ਪੰਚਾਇਤ ਸਕੱਤਰ ਵੱਲੋਂ ਦਿੱਤੇ ਗਏ ਬਿਆਨ/ਰਿਪੋਰਟ ਕਿ ਮੇਰੀ ਟਰਮ ਦੇ ਵਿਚ ਰਿਕਾਰਡ ਦੇ ਅਨੁਸਾਰ ਗਰਾਮ ਪੰਚਾਇਤ ਕੱਦੋ ਵੱਲੋਂ ਕੋਈ ਦਰੱਖਤ ਨਾ ਕੱਟੇ ਗਏ ਹਨ ਅਤੇ ਨਾ ਹੀ ਵੇਚੇ ਗਏ ਹਨ। ਨਾ ਹੀ ਕੋਈ ਘਪਲਾ ਕੀਤਾ ਗਿਆ ਹੈ। ਸ਼ਿਕਾਇਤ ਕਰਤਾ ਕੋਈ ਪੁਖਤਾ ਸਬੂਤ ਪੇਸ਼ ਨਹੀ ਕਰ ਸਕਿਆ ਕਿ ਉਕਤ ਦਰੱਖਤ 2 ਸਾਲ ਪਹਿਲਾ ਸ੍ਰੀ ਪਰਮਿੰਦਰ ਸਿੰਘ ਸਰਪੰਚ, ਗਰਾਮ ਪੰਚਾਇਤ ਕੱਦੋ ਵੱਲ ਕੱਟੇ ਗਏ ਹਨ। ਜੇਕਰ ਸ਼ਿਕਾਇਤ ਕਰਤਾ ਵੱਲੋਂ ਦਰਖਤ ਕੱਟਣ ਸਮੇਂ ਮੌਕੇ ਪਰ ਸ਼ਿਕਾਇਤ ਕੀਤੀ ਜਾਂਦੀ ਤਾਂ ਨਿਯਮਾਂ ਅਨੁਸਾਰ ਕਾਰਵਾਈ ਹੋ ਸਕਦੀ ਸੀ, ਪ੍ਰੰਤੂ 2 ਸਾਲ ਸਮਾਂ ਬੀਤ ਚੁੱਕਾ ਹੈ। ਇਸ ਲਈ ਗੁਰਦਵਾਰਾ ਸਾਹਿਬ ਤੋਂ ਸਕੂਲ ਨੂੰ ਜਾਂਦੇ ਰਸਤੇ ਦੇ ਦੋਨੋ ਪਾਸਿਆ ਤੇ ਉਕਤ ਜਗ੍ਹਾ ਤੇ ਕੱਟੇ ਗਏ ਦਰਖਤਾਂ ਦਾ ਮੌਕੇ ਪਰ ਕੋਈ ਸਬੂਤ ਮੌਜੂਦ ਨਹੀ ਪਾਇਆ ਗਿਆ। ਉਕਤ ਸਾਰਾ ਰਿਕਾਰਡ ਫਾਇਲ ਲਗਾ ਕੇ ਪੱਕਾ ਕੀਤਾ ਹੋਇਆ ਹੈ। ਰਿਪੋਰਟ ਆਪ ਜੀ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।

ਨੱਥੀ :- ਸਬੂਤ ਅਸਲ ਫਾਇਲ (2 ਪੈਨ ਡਰਾਇਵ, ਫੋਟੋਆ, 1 ਤੋਂ 99 ਪੰਨੇ)।

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,
ਖੰਨਾ।

ਵੱਲੋਂ,

ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,
ਲੁਧਿਆਣਾ।

ਸੇਵਾ ਵਿਖੇ,

ਡਾਇਰੈਕਟਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,
ਵਿਕਾਸ ਭਵਨ, ਸੈਕਟਰ-62
ਐਸ.ਏ.ਐਸ.ਨਗਰ (ਮੋਹਾਲੀ)

ਨੰਬਰ ੨੦੦੩। ਮਿਤੀ 30/11/22

ਵਿਸ਼ਾ ਸ੍ਰੀ ਪਰਮਿੰਦਰ ਸਿੰਘ ਸਰਪੰਚ, ਗਰਾਮ ਪੰਚਾਇਤ ਕੱਦੋਂ ਬਲਾਕ ਦੋਰਾਹਾ, ਜਿਲ੍ਹਾ ਲੁਧਿਆਣਾ ਵਿਰੁੱਧ ਪ੍ਰਾਪਤ ਹੋਈ ਸ਼ਿਕਾਇਤ ਦੀ ਵੇਰਵੇ ਸਹਿਤ ਪੜਤਾਲ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 20 ਅਧੀਨ ਕਾਰਵਾਈ ਕਰਨ ਸਬੰਧੀ।

ਹਵਾਲਾ ਆਪ ਜੀ ਦੇ ਦਫਤਰ ਦਾ ਪੱਤਰ ਨੰਬਰ 06/ 27/ 22-ਲੁਧਿਆਣਾ-ਸ/ 5016 ਮਿਤੀ30/05/2022

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਬੇਨਤੀ ਕੀਤੀ ਜਾਂਦੀ ਹੈ ਕਿ ਸ਼ਿਕਾਇਤ ਕਰਤਾ ਸ੍ਰੀ ਬਲਵੀਰ ਦਾਸ ਪੁੱਤਰ ਸ੍ਰੀ ਮੱਲਦਾਸ ਦਾਸ ਪਿੰਡ ਕੱਦੋਂ, ਵੱਲੋਂ ਸਰਪੰਚ ਗਰਾਮ ਪੰਚਾਇਤ ਕੱਦੋਂ ਬਲਾਕ ਦੋਰਾਹਾ ਖਿਲਾਫ ਦਰੱਖਤਾਂ ਨੂੰ ਵੱਡ ਕੇ ਵੇਚਣ ਸਬੰਧੀ ਪ੍ਰਾਪਤ ਹੋਈ ਸ਼ਿਕਾਇਤ ਦੀ ਪੜਤਾਲ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਦੋਰਾਹਾ ਵੱਲੋਂ ਪੱਤਰ ਨੰਬਰ 2093 ਮਿਤੀ 27/06/2022 ਰਾਹੀਂ ਪ੍ਰਾਪਤ ਹੋਈ ਸੀ:-

**"ਕਿ ਦਰਖਾਸਤਕਰਤਾ ਬਲਵੀਰ ਦਾਸ ਪੁੱਤਰ ਮੱਲ ਦਾਸ ਜਗਵੀਰ ਸਿੰਘ ਮੁੰਡੀ ਅਤੇ ਦਰਬਾਰਾ ਸਿੰਘ ਪੰਚਾਇਤ ਸਕੱਤਰ ਹਾਜਰ ਹਨ ਜਿਨ੍ਹਾ ਦੀ ਮੌਕੇ ਤੇ ਹਾਜਰੀ ਲਗਵਾਈ ਗਈ। ਸ਼ਿਕਾਇਤ ਕਰਤਾ ਵੱਲੋਂ ਦਰਖਾਸਤ ਨਾਲ ਸਬੂਤ ਵੱਜੋਂ ਲਗਾਈਆਂ ਫੋਟੋਆਂ ਵਿੱਚ ਸੇਵਾ ਕੇਂਦਰ ਅੱਗੇ ਤੇ ਆਸ ਪਾਸ ਸਫੈਦੇ ਦੇ ਦਰੱਖਤ ਖੜ੍ਹੇ ਦਿਖਾਈ ਦਿੰਦੇ ਹਨ ਜੋ ਕਿ ਹੁਣ ਮੌਕੇ ਤੇ ਮੋਜੂਦ ਨਹੀ ਹਨ, ਮੌਕੇ ਤੇ ਇੰਟਰਲਾਕ ਟਾਇਲ ਦਾ ਫਰਸ ਲੱਗਿਆ ਹੋਇਆ ਹੈ, ਤੇ ਸਾਈਡਾਂ ਤੇ ਪਾਮ ਦੇ ਬੂਟੇ ਲਗਾਏ ਹੋਏ ਹਨ ਮੌਕੇ ਤੇ ਪੁੱਟੇ ਦਰੱਖਤਾਂ ਦੇ ਨਿਸ਼ਾਨ ਮੋਜੂਦ ਨਹੀ ਹਨ। ਸਕੂਲ ਅੰਦਰ ਮਿੱਟੀ ਦਾ ਭਰਤ ਪਾਇਆ ਹੋਇਆ ਹੈ ਅਤੇ ਨਾਲ ਲੱਗਦੀ ਜਮੀਨ ਵਿੱਚ ਜੰਗਲ ਨੁਮਾਂ ਸਫੈਦੇ ਅਤੇ ਹੋਰ ਕਈ ਤਰ੍ਹਾ ਦੇ ਦਰੱਖਤ ਖੜ੍ਹੇ ਹੋਏ ਹਨ। ਸਕੂਲ ਵਿੱਚ ਵੀ ਭਰਤ ਪਾਇਆ ਹੋਣ ਕਰਕੇ ਮੌਕੇ ਤੇ ਦਰੱਖਤ ਪੁੱਟੇ ਹੋਣ ਦੇ ਨਿਸ਼ਾਨ ਨਹੀਂ ਹਨ। ਸ੍ਰੀ ਦਰਬਾਰਾ ਸਿੰਘ ਪੰਚਾਇਤ ਸਕੱਤਰ ਵੱਲੋਂ ਲਿਖਤੀ ਰਿਪੋਰਟ ਕੀਤੀ ਗਈ ਹੈ ਕਿ ਮੈਂ ਮਿਤੀ 06/09/2019 ਤੋਂ ਲੈਕੇ ਹੁਣ ਤੱਕ ਗਰਾਮ ਪੰਚਾਇਤ ਕੱਦੋਂ ਵਿੱਚ ਪੰਚਾਇਤ ਸਕੱਤਰ ਦੀ ਡਿਊਟੀ ਕਰ ਰਿਹਾ ਹਾਂ। ਇਸ ਸਮੇਂ ਦੌਰਾਨ ਗਰਾਮ ਪੰਚਾਇਤ ਕੱਦੋਂ ਵੱਲੋਂ ਕਿਸੇ ਵੀ ਪ੍ਰਕਾਰ ਦੇ ਦਰੱਖਤਾਂ ਦੀ ਬੋਲੀ ਨਹੀ ਕਰਵਾਈ ਗਈ ਅਤੇ ਨਾ ਹੀ ਦਰੱਖਤਾਂ ਤੋਂ ਗਰਾਮ ਪੰਚਾਇਤ ਕੱਦੋਂ ਨੂੰ ਆਮਦਨ ਪ੍ਰਾਪਤ ਹੋਈ ਹੈ।"**

ਪ੍ਰੰਤੂ ਸ਼ਿਕਾਇਤ ਕਰਤਾ ਸ੍ਰੀ ਬਲਵੀਰ ਦਾਸ ਪੁੱਤਰ ਸ੍ਰੀ ਮੱਲ ਦਾਸ ਪਿੰਡ ਕੱਦੋਂ ਵੱਲੋਂ ਮਿਤੀ 2/06/2022 ਨੂੰ ਨਿਮਨ ਹਸਤਾਖਰ ਪਾਸ ਹਾਜਰ ਹੋਕੇ ਬੇਨਤੀ ਕੀਤੀ ਗਈ ਕਿ ਉਪਰੋਕਤ ਸ਼ਿਕਾਇਤ ਨਾਲ ਉਹ ਸਹਿਮਤੀ ਨਹੀ ਹਨ ਕ੍ਰਿਪਾ ਕਰਕੇ ਕਿਸੇ ਹੋਰ ਅਫਸਰ ਤੋਂ ਪੜਤਾਲ ਕਰਵਾਈ ਜਾਵੇ।

ਸ਼ਿਕਾਇਤ ਕਰਤਾ ਦੀ ਪ੍ਰਤੀ ਬੇਨਤੀ ਦੇ ਅਧਾਰ ਤੇ ਉਪਰੋਕਤ ਪੜਤਾਲ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਖੰਨਾ ਨੂੰ ਪੱਤਰ ਨੰਬਰ 2093 ਮਿਤੀ 27/06/2022 ਰਾਹੀਂ ਭੇਜਕੇ ਸਬੰਧਤ ਧਿਰਾਂ ਦੀ ਹਾਜਰੀ ਵਿੱਚ ਮੌਕੇ ਤੇ ਜਾਕੇ ਪੜਤਾਲ ਕਰਕੇ ਪੜਤਾਲ ਰਿਪੋਰਟ ਪੇਸ਼ ਕਰਨ ਲਈ ਹਦਾਇਤ ਕੀਤੀ ਗਈ।

ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਖੰਨਾ ਵੱਲੋਂ ਪੱਤਰ ਨੰਬਰ 5600 ਮਿਤੀ 13/10/2022 ਰਾਹੀਂ ਸਬੰਧਤ ਧਿਰਾਂ ਦੇ ਬਿਆਨ ਰਿਕਾਰਡ ਅਤੇ ਸਬੂਤ ਲੈਣ ਉਪਰੰਤ ਹੇਠ ਲਿਖੇ ਅਨੁਸਾਰ ਪੜਤਾਲ ਰਿਪੋਰਟ ਪ੍ਰਾਪਤ ਹੋਈ ਹੈ:-

**"ਸਰਪੰਚ, ਗਰਾਮ ਪੰਚਾਇਤ ਕੱਦੋਂ ਗਰਾਮ ਸਭਾ ਮੈਂਬਰ ਪ੍ਰਧਾਨ, ਸਪੋਰਟਸ ਕਲੱਬ ਵਗੈਰਾ ਵੱਲੋਂ ਦਿੱਤੇ ਗਏ ਬਿਆਨ ਦੇ ਅਧਾਰ ਤੇ ਦਰੱਖਤ ਕੱਟਣ ਦੀ ਜ਼ੁੰਮੇਵਾਰੀ ਸਪੋਰਟਸ ਕਲੱਬ ਦੇ ਅਹੁਦੇਦਾਰਾ ਵੱਲੋਂ ਗਈ ਹੈ। ਸ਼ਿਕਾਇਤ ਕਰਤਾ ਦਾ ਲਗਾਇਆ ਗਿਆ ਦੋਸ ਸਹੀ ਨਹੀ ਹੈ। ਇਸ ਦੇ ਸਬੰਧ ਵਿੱਚ ਪੰਚਾਇਤ ਸਕੱਤਰ ਵੱਲੋਂ ਕੋਈ ਵੀ ਦਰੱਖਤ ਨਾ ਕੱਟੇ ਗਏ ਹਨ ਅਤੇ ਨਾਂ ਹੀ ਵੇਚੇ ਗਏ ਹਨ। ਨਾ ਹੀ ਕੋਈ ਘਪਲਾ ਕੀਤਾ ਗਿਆ ਹੈ। ਸ਼ਿਕਾਇਤ ਕਰਤਾ ਕੋਈ ਪੁਖਤਾ ਸਬੂਤ ਪੇਸ਼ ਨਹੀ ਕਰ ਸਕਿਆ ਕਿ ਉਕਤ ਦਰੱਖਤ 2 ਸਾਲ ਪਹਿਲਾ ਸ੍ਰੀ ਪਰਮਿੰਦਰ ਸਿੰਘ ਸਰਪੰਚ, ਗਰਾਮ ਪੰਚਾਇਤ ਕੱਦੋਂ ਵੱਲੋਂ ਕੱਟੇ ਗਏ ਹਨ। ਜੇਕਰ ਸ਼ਿਕਾਇਤ ਕਰਤਾ ਵੱਲੋਂ ਦਰੱਖਤ ਕੱਟਣ ਸਮੇਂ ਮੌਕੇ ਪਰ ਸ਼ਿਕਾਇਤ ਕੀਤੀ ਜਾਂਦੀ ਤਾਂ ਨਿਯਮਾਂ ਅਨੁਸਾਰ ਕਾਰਵਾਈ ਹੋ ਸਕਦੀ ਸੀ, ਪ੍ਰੰਤੂ 2 ਸਾਲ ਸਮਾਂ ਬੀਤ ਚੁੱਕਾ ਹੈ। ਇਸ ਲਈ, ਗੁਰਦੁਆਰਾ ਸਾਹਿਬ ਤੋਂ ਸਕੂਲ ਨੂੰ ਜਾਂਦੇ ਰਸਤੇ ਦੇ ਦੋਨੋ ਪਾਸਿਆਂ ਤੋਂ ਉਕਤ ਜਗ੍ਹਾ ਤੇ ਕੱਟੇ ਗਏ ਦਰਖਤਾਂ ਦਾ ਮੌਕੇ ਪਰ ਕੋਈ ਸਬੂਤ ਮੋਜੂਦਾ ਨਹੀ ਪਾਇਆ ਗਿਆ। ਉਕਤ ਰਸਤਾ ਇੰਟਰਲਾਕ ਟਾਇਲ ਲਗਾਕੇ ਪੱਕਾ ਕੀਤਾ ਹੋਇਆ ਹੈ। ਰਿਪੋਰਟ ਆਪ ਜੀ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਪ੍ਰਸ ਹੈ ਜੀ।"**

ਸ੍ਰੀ ਬਲਬੀਰ ਦਾਸ ਪੁੱਤਰ ਸ੍ਰੀ ਮੱਲ ਦਾਸ ਵਾਸੀ ਪਿੰਡ ਕੱਦੋਂ ਤਹਿਸੀਲ ਪਾਇਲ ਜਿਲ੍ਹਾ ਲੁਧਿਆਣਾ ਵੱਲੋਂ ਮਿਤੀ 11/11/2022 ਰਾਹੀਂ ਪ੍ਰਾਪਤ ਹੋਈ ਬੇਨਤੀ ਅਤੇ ਸ੍ਰੀ ਬਲਵਿੰਦਰ ਕੁਮਾਰ ਪੁੱਤਰ ਸ੍ਰੀ ਕਸਤੂਰੀ ਲਾਲ ਵਾਸੀ ਪਿੰਡ ਕੱਦੋਂ ਤਹਿਸੀਲ ਪਾਇਲ ਜਿਲ੍ਹਾ ਲੁਧਿਆਣਾ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਜੋ ਸਾਂਝੇ ਬਿਆਨ ਦੇ ਨਾਲ ਮੇਰੇ ਦਸਤਖਤ ਲਗਾਏ ਗਏ ਹਨ ਉਹ ਦਸਤਖਤ ਮੈਂ ਉਕਤ ਸਾਝੇ ਬਿਆਨ ਦੇ ਉਪਰ ਨਹੀ ਕੀਤੇ ਸਨ ਬਲਕਿ ਜਦੋਂ ਬੀ.ਡੀ.ਪੀ.ਓ ਖੰਨਾ ਮੌਕਾ ਦੇਖਕੇ ਚਲੇ ਗਏ ਸੀ ਤਾਂ ਪਿੰਡ ਦੇ ਕਾਫੀ ਵਿਅਕਤੀਆਂ ਨੇ ਅਤੇ ਮੈਂ ਸਰਪੰਚ ਦੇ ਇਹ ਕਹਿਣ ਤੇ ਦਸਤਖਤ ਕੀਤੇ ਸਨ ਕਿ ਉਹ ਬੀ.ਡੀ.ਪੀ.ਓ ਖੰਨਾ ਦੇ ਮੌਕਾ ਦੇਖਣ ਦੇ ਅਤੇ ਹਾਜਰੀ ਦੇ ਸਬੰਧ ਵਿੱਚ ਇਹ ਦਸਤਖਤ ਕਰਵਾ ਰਿਹਾ ਹੈ। ਸਰਪੰਚ ਵੱਲੋਂ ਇਹ ਦਸਤਖਤ ਮੈਨੂੰ ਅਤੇ ਹੋਰ ਪਿੰਡ ਵਾਸੀਆਂ ਨੂੰ ਗੁੰਮਰਾਹ ਕਰਕੇ ਖਾਲੀ ਕਾਗਜ਼ਾਂ ਉਪਰ ਕਰਵਾਏ ਗਏ ਸਨ ਅਤੇ ਪਿੰਡ ਦੇ ਸਰਪੰਚ ਨੇ ਆਪਣੇ ਕੁਝ ਹੋਰ ਸਾਥੀਆਂ ਅਤੇ ਇਨਕੁਆਰੀ ਅਫਸਰ ਨਾਲ ਮਿਲੀ ਭੁਗਤ ਕਰਕੇ ਧੋਖੇ ਨਾਲ ਉਹ ਦਸਤਖਤ ਸਾਝਾ ਬਿਆਨ ਦੇ ਨਾਲ ਜੋੜ ਦਿੱਤੇ ਹਨ ਅਤੇ

ਚਲਾਕੀ ਨਾਲ ਇਹ ਸਫੈਦੇ ਕੱਟਣ ਦੀ ਜੰਮੇਵਾਰੀ ਮੇਰੇ ਅਤੇ ਹੋਰ ਪਿੰਡ ਵਾਸੀਆਂ ਉਪਰ ਪਾ ਦਿੱਤੀ ਹੈ, ਜਦ ਕਿ ਇਹਨਾਂ ਸਫੈਦਿਆਂ ਨੂੰ ਕੱਟਣ ਵਿੱਚ ਮੇਰਾ ਕੋਈ ਹੱਥ ਨਹੀ ਹੈ। ਇਸ ਸਬੰਧੀ ਮੇਰਾ ਹਲਫੀਆ ਬਿਆਨ ਵੀ ਨਾਲ ਨੱਥੀ ਹੈ।

ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਦੋਰਾਹਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਖੰਨਾ ਅਤੇ ਸਬੰਧਤ ਧਿਰਾਂ ਵੱਲੋਂ ਪੇਸ਼ ਕੀਤੇ ਰਿਕਾਰਡ ਅਤੇ ਸਬੂਤਾ ਨੂੰ ਵਾਚਣ ਤੇ ਹੇਠ ਲਿਖੇ ਤੱਥ ਸਾਹਮਣੇ ਆਏ ਹਨ ਕਿ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਕੋਲ ਬਣੇ ਸੇਵਾ ਕੇਂਦਰ ਵਾਲੇ ਸਰਕਾਰੀ ਰਸਤੇ ਤੇ ਲੱਗੇ ਲਗਭਗ 40 ਦਰਖਤਾਂ ਨੂੰ ਕੱਟਿਆ ਗਿਆ ਹੈ, ਸ਼ਿਕਾਇਤ ਕਰਤਾ ਵੱਲੋਂ ਪੇਸ਼ ਕੀਤੀ ਵੀਡੀਓ ਕਲਿਪ ਵਿੱਚ ਸਰਪੰਚ ਵੱਲੋਂ ਹੀ ਮੰਨਿਆ ਗਿਆ ਹੈ ਕਿ ਗਰਾਮ ਪੰਚਾਇਤ ਦੀ ਜਗ੍ਹਾ ਵਿੱਚੋਂ ਉਕਤ ਦਰਖਤਾਂ ਨੂੰ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਹੀ ਕੱਟਿਆ ਗਿਆ ਜਿਨਾ ਨੂੰ ਵੇਚਣ ਉਪਰੰਤ 1,67,000/- ਰੁਪਏ ਪ੍ਰਾਪਤ ਹੋਏ ਹਨ ਪ੍ਰੰਤੂ ਉਕਤ ਦਰਖਤਾਂ ਨੂੰ ਕੱਟਣ ਸਬੰਧੀ ਗਰਾਮ ਪੰਚਾਇਤ ਵੱਲੋਂ ਕੋਈ ਵੀ ਪ੍ਰਵਾਨਗੀ ਪ੍ਰਾਪਤ ਨਹੀ ਕੀਤੀ ਗਈ ਅਤੇ ਜੇਕਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਖੰਨਾ ਦੀ ਪ੍ਰਾਪਤ ਹੋਈ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਉਕਤ ਦਰਖਤਾਂ ਨੂੰ ਕੱਟਣ ਦੀ ਜ਼ੁੰਮੇਵਾਰੀ ਸਪੋਰਟਸ ਕਲਬ ਵੱਲੋਂ ਲਈ ਗਈ ਹੈ ਤਾਂ ਵੀ ਸਰਪੰਚ ਦੀ ਨਿੱਜੀ ਜ਼ੁੰਮੇਵਾਰੀ ਬਣਦੀ ਸੀ ਕਿ ਜੇਕਰ ਉਕਤ ਦਰਖਤਾਂ ਨੂੰ ਸਪੋਰਟਸ ਕਲਬ ਵੱਲੋਂ ਕੱਟਿਆ ਜਾ ਰਿਹਾ ਹੈ ਤਾਂ ਉਨ੍ਹਾ ਖਿਲਾਫ ਕਾਰਵਾਈ ਕਰਨ ਲਈ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਦੋਰਾਹਾ ਦੇ ਧਿਆਨ ਵਿੱਚ ਲਿਆਉਂਦਾ ਅਤੇ ਉਨ੍ਹਾ ਖਿਲਾਫ ਬਣਦੀ ਕਾਰਵਾਈ ਕਰਕੇ ਪਰਚ ਦਰਜ ਕਰਵਾਇਆ ਜਾਂਦਾ।

ਸਰਪੰਚ ਵੱਲੋਂ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਖੰਨਾ ਵੱਲੋਂ ਕੀਤੀ ਪੜਤਾਲ ਦੌਰਾਨ ਸਾਝਾ ਬਿਆਨ ਪ੍ਰੇਸ ਕੀਤਾ ਗਿਆ ਹੈ ਜਿਸ ਵਿੱਚ ਬਿਆਨ ਨੂੰ ਟਾਈਪ ਕਰਵਾਉਣ ਉਪਰੰਤ ਪਿੰਡ ਵਾਸੀਆਂ ਦੇ ਹਸਤਾਖਰ ਉਸ ਉਪਰ ਪ੍ਰੇਸਟ ਕਰਕੇ ਬਹੁਤ ਵੱਡੀ ਗਲਤੀ ਕੀਤੀ ਗਈ ਹੈ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਪਰਮਿੰਦਰ ਸਿੰਘ ਸਰਪੰਚ ਗਰਾਮ ਪੰਚਾਇਤ ਕੱਦੋਂ ਬਲਾਕ ਦੋਰਾਹਾ ਵੱਲੋਂ ਮਾਨਯੋਗ ਗਰੀਨ ਟ੍ਰਿਬਿਊਨਲ ਜੀ ਵੱਲੋਂ ਦਰਖਤਾ ਦੀ ਕੱਟਾਈ ਤੇ ਮੁਕੰਮਲ ਰੋਕ ਲਗਾਉਣ ਦੇ ਬਾਵਜੂਦ ਵੀ ਦਰਖਤਾਂ ਨੂੰ ਬਿਨ੍ਹਾ ਮੰਨਜੂਰੀ ਤੋਂ ਕੱਟਣ ਉਪਰੰਤ ਆਪਣੇ ਆਪ ਨੂੰ ਦੋਸ਼ੀ ਬਣਾ ਲਿਆ ਹੈ ਇਸ ਲਈ ਸਰਪੰਚ ਦਾ ਆਪਣੇ ਆਹੁਦੇ ਤੇ ਬਣੇ ਰਹਿੰਣਾ ਲੋਕ ਹਿੱਤ ਵਿੱਚ ਨਹੀ ਹੈ। ਇਸ ਲਈ ਸ੍ਰੀ ਪਰਮਿੰਦਰ ਸਿੰਘ ਸਰਪੰਚ, ਗਰਾਮ ਪੰਚਾਇਤ ਕੱਦੋਂ, ਬਲਾਕ ਦੋਰਾਹਾ ਖਿਲਾਫ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 20 ਅਧੀਨ ਕਾਰਵਾਈ ਕਰਨ ਦੀ ਸ਼ਿਫਾਰਸ ਕੀਤੀ ਜਾਂਦੀ ਹੈ।

ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,
ਲੁਧਿਆਣਾ।